<SOCIAL SCIENCE><TEXT BOOK><KOHLI SITA RAM><VARSHAH MOHAMMAD><1987><PUNJABI SAHIT><LUDHIANA><64-69><2191><KOHLI S.-VARSHAH>

ਹੁਣ ਤਕ ਤਾਂ ਸਾਨੂੰ ਅੰਗਰੇਜ਼ਾਂ ਦੀਆਂ ਲਿਖੀਆਂ ਇਤਿਹਾਸ ਦੀਆਂ ਪੁਸਤਕਾਂ ਤੋਂ ਇਹੋ ਦੱਸਿਆ ਗਿਆ ਹੈ ਕਿ ਖਾਲਸੇ

ਨੂੰ ਭੰਗ ਕੀਤਾ । ਇਸ ਲਈ ਜੰਗ ਛੇੜਨ ਦੀ ਜ਼ਿਮੇਂਵਾਰੀ ਸਿੱਖਾਂ ਦੇ ਗਲ ਹੀ ਮੜ੍ਹੀ ਚਲੀ ਆਉਂਦੀ ਹੈ । ਪਰ ਅੰਗਰੇਜ਼ਾਂ ਦੀਆਂ ਆਪਣੀ ਪੁਸਤਕਾਂ ਤੋਂ ਪਤਾ ਲਗਦਾ ਹੈ ਕਿ ਇਹ ਜ਼ਿਮੇਂਵਾਰੀ ਕੇਵਲ ਸਿੱਖਾਂ 'ਤੇ ਹੀ ਨਹੀਂ ਪਾਈ ਜਾ ਸਕਦੀ । ਅੰਗਰੇਜ਼ਾਂ ਨੇ ਕਈ ਵਰ੍ਹਿਆਂ ਤੋਂ, ਪੰਜਾਬ ਨੂੰ ਫ਼ਤਹਿ ਕਰ ਕੇ ਆਪਣੇ ਰਾਜ ਵਿਚ ਮਿਲਾ ਲੈਣ ਦਾ । ਫ਼ੈਸਲਾ ਕੀਤਾ ਹੋਇਆ ਸੀ । ੧੮੩੭ ਈ. ਵਿਚ ਜਦ ਕਮਾਂਡਰ-ਇਨ-ਚੀਫ਼ ਸਰ । ਹੈਨਰੀਫ਼ੇਨ, ਸ਼ਾਹਜ਼ਾਦਾ ਨੌਨਿਹਾਲ ਸਿੰਘ ਦੀ ਸ਼ਾਦੀ ਵਿਚ ਸ਼ਾਮਲ ਹੋਣ ਲਈ ਲਾਹੌਰ ਆਇਆ ਸੀ, ਉਹ ਆਪਣੇ ਨਾਲ ਕਈ ਪਰਬੀਨ ਫ਼ੌਜੀ ਅਫ਼ਸਰ ਵੀ ਲਿਆਇਆ ਸੀ, ਜਿਹੜੇ ਚੁਪ-ਚੁਪੀਤੇ ਲਾਹੌਰ, ਅੰਮ੍ਰਿਤਸਰ ਅਤੇ ਕਈ ਹੋਰ ਛਾਉਣੀਆਂ ਦੇ ਨਕਸ਼ੇ ਤਿਆਰ ਕਰ ਕੇ ਨਾਲ ਲੈ ਗਏ ਸਨ । ਇਵੇਂ ਉਹਨਾਂ ਪਾਸ ਮਹਾਰਾਜਾ ਰਣਜੀਤ ਸਿੰਘ ਦੀ ਤਾਕਤ ਦਾ ਪੂਰਾ ਪੂਰਾ ਅਨੁਮਾਨ ਸੀ । ਅਤੇ ਪਿੱਛੋਂ ਇਹਨਾਂ ਦੀਆਂ ਰਿਪੋਟਾਂ ਨੂੰ ਅੰਗਰੇਜ਼ੀ ਸਰਕਾਰ ਨੇ ਆਪਣੀਆਂ ਤਿਆਰੀਆਂ ਦਾ ਆਧਾਰ ਬਣਾਇਆ । ਲਾਹੌਰ ਦਰਬਾਰ ਵਿਚ ਜਿਹੜੀ ਧੜੇ-ਬਾਜ਼ੀ ਆਰੰਭ ਹੋ ਚੁਕੀ ਸੀ, ਸਰ ਹੇਨਰੀਫ਼ੇਨ ਉਸ ਦਾ ਅਨੁਮਾਨ ਵੀ ਲਗਾ ਕੇ ਲੈ ਗਿਆ ਸੀ ।

ਜੂਨ ੧੮੩੮ ਈ. ਵਿਚ ਗਵਰਨਰ ਜਨਰਲ ਦਾ ਮਿਲਟਰੀ ਸੈਕ੍ਰੇਟਰੀ, ਵਿਲੀਅਮ ਔਜ਼ਬਰਨ ਲਾਹੌਰ ਦਰਬਾਰ ਵਿਚ ਆਇਆ ਅਤੇ ਕਈ

ਦਿਨ ਠਹਿਰਿਆ । ਆਪਣੀ ਡਾਇਰੀ ਵਿਚ ਉਹ ਇਕ ਥਾਂ ਲਿਖਦਾ ਹੈ- 'ਸਾਨੂੰ ਚਾਹੀਦਾ ਹੈ ਕਿ ਮਹਾਰਾਜੇ ਦੀ ਮੌਤ ਦੇ ਪਿੱਛੋਂ, ਝਟ ਹੀ ਇਕ ਵੱਡਾ ਲਸ਼ਕਰ ਲੈ ਕੇ,

ਪੰਜਾਬ ਨੂੰ ਆਪਣੇ ਪੇਟੇ ਪਾ ਲਈਏ । ਸਾਡੀ ਸਰਕਾਰ ਸਾਹਮਣੇ, ਜਿਸ ਨੇ ਊਠ ਵਰਗੀਆਂ ਲੰਮੀਆਂ ਤੇ ਉੱਚੀਆਂ ਕਈ ਰਿਆਸਤਾਂ ਹਜ਼ਮ ਕਰ ਲਈਆਂ ਹਨ, ਪੰਜਾਬ ਵਰਗੀ ਨਿੱਕੀ ਜਿਹੀ ਰਿਆਸਤ ਕੀ ਹਸਤੀ ਰਖਦੀ ਹੈ ?'

੧੮੪੦ ਈ. ਵਿਚ, ਪੋਲੀਟੀਕਲ ਏਜੇਂਟ ਮੈਗਨਾਟਨ ਨੇ ਕਾਬਲ ਤੋਂ ਆਪਣੀ ਗੌਰਮਿੰਟ ਨੂੰ ਤਜਵੀਜ਼ ਭੇਜੀ ਕਿ ਪਸ਼ੌਰ ਦਾ ਇਲਾਕਾ ਲਾਹੌਰ ਦੀ ਰਿਆਸਤ ਤੋਂ ਵੱਖ ਕਰ ਕੇ (ਭਾਵ ਖੋਹ ਕੇ) ਅਫ਼ਗਾਨਿਸਤਾਨ ਨਾਲ ਮਿਲਾ ਦੇਣਾ ਚਾਹੀਦਾ ਹੈ । ਲਾਰਡ ਆਕਲੈਂਡ ਨੇ ਇਸ ਤਜਵੀਜ਼ ਨੂੰ ਸਵੀਕਾਰ ਨਾ ਕਰਦੇ ਹੋਏ ਕਿਹਾ - 'ਸਾਨੂੰ ਏਡੀ ਕਾਹਲੀ ਕਾਹਦੀ ਪਈ ਹੈ ? ਥੋੜੇ ਹੀ ਸਮੇਂ ਵਿਚ ਡੋਗਰਾ-ਪਾਰਟੀ ਅਤੇ ਸੰਧਾਵਾਲੀਆ-ਪਾਰਟੀ ਵਿਚਕਾਰ, ਲੜਾਈ ਝਗੜਿਆਂ ਦੇ ਕਾਰਨ, ਪੰਜਾਬ ਦੋ ਹਿੱਸਿਆਂ ਵਿਚ ਵੰਡਿਆ ਜਾਵੇਗਾ । ਉਸ ਵੇਲੇ ਸਾਡੇ ਲਈ ਕੇਵਲ ਪਿਸ਼ੌਰ ਹੀ ਨਹੀਂ ਸਗੋਂ ਸਿੱਧ ਦਰਿਆ ਦੇ ਪਾਰ ਦਾ ਸਾਰਾ ਇਲਾਕਾ, ਜੋ ਇਸ ਵੇਲੇ ਲਾਹੌਰ ਸਰਕਾਰ ਵਿਚ ਸ਼ਾਮਲ ਹੈ, ਕਾਬਲ ਨਾਲ ਜੋੜ ਦੇਣਾ ਸੌਖਾ ਹੋ ਜਾਵੇਗਾ ।

ਲਾਰਡ ਐਲਨਬਰੋ ਨੇ ੧੫ ਅਕਤੂਬਰ, ੧੮੪੧ ਈ. ਵਿਚ ਇਕ ਖ਼ਤ ਵਿਚ, ਜਿਹੜਾ ਉਸ ਨੇ ਇੰਗਲੈਂਡ ਦੇ ਵੱਡੇ ਜਰਨੈਲ, ਡਿਊਕ ਆਫ਼ ਵਿਲਿੰਗਟਨ ਨੂੰ ਲਿਖਿਆ ਸੀ, ਇਹ ਪੁੱਛ ਕਰ ਭੇਜੀ ਕਿ 'ਪੰਜਾਬ ਵਿਰੁਧ ਮੁਹਿਮ ਕਿਨ੍ਹਾਂ ਨਿਯਮਾਂ 'ਤੇ ਤੋਰੀ ਜਾਵੇ ? ਮੈਂ ਇਸ ਸੰਬੰਧੀ ਆਪ ਦੇ ਵਿਚਾਰ ਜਾਣਨ ਲਈ ਬਹੁਤ ਉਤਾਵਲਾ ਹਾਂ ।' ਇਸ ਚਿੱਠੀ-ਪੱਤਰ ਦੇ ਸੰਬੰਧ ਵਿਚ ਹੀ ਲਾਰਡ ਵਿਲਿੰਗਟਨ ਨੇ ਹਿੰਦ ਦੀ ਗੌਰਮਿੰਟ ਨੂੰ ਸਲਾਹ ਦਿੱਤੀ ਸੀ ਅਤੇ ਇਸੇ ਸਲਾਹ ਦਾ ਹੀ ਸਿੱਟਾ ਸੀ ਕਿ ਬੰਬਈ ਵਿਚ ਵਿਸ਼ੇਸ਼ ਕਿਸਮ ਦੀਆਂ ੬੦ ਜਾਂ ੭੦ ਕਿਸ਼ਤੀਆਂ ਤਿਆਰ ਕੀਤੀਆਂ ਗਈਆਂ, ਤਾਂ ਜੋ ਲੋੜ ਪੈਣ 'ਤੇ ਝਟ-ਪਟ ਸਤਲੁਜ ਦਰਿਆ ਉੱਤੇ ਪੁੱਲ ਬਨ੍ਹ ਕੇ, ਪੰਜਾਬ ਵਿਚ ਫ਼ੌਜ ਦਾਖ਼ਲ ਕਰ ਦਿੱਤੀ ਜਾਵੇ ।

ਇਸ ਦੇ ਪਿੱਛੋਂ ਤਾਂ ਅੰਗਰੇਜ਼ੀ ਦੇ ਅਖ਼ਬਾਰਾਂ ਅਤੇ ਰਸਾਲਿਆਂ ਵਿਚ, ਜੋ

ਉਸ ਵੇਲੇ ਹਿੰਦੁਸਤਾਨ ਵਿਚ ਛਪਿਆ ਕਰਦੇ ਸਨ, ਖੁੱਲ੍ਹਮ-ਖੁੱਲ੍ਹਾ ਪੰਜਾਬ ਦੀ ਕਿਸਮਤ ਬਾਰੇ ਅਕਸਰ ਲੇਖ ਲਿਖੇ ਜਾਇਆ ਕਰਦੇ ਸਨ । ਇਥੋਂ ਤੀਕ ਕਿ ਅੰਗਰੇਜ਼ ਅਫ਼ਸਰਾਂ ਦੀਆਂ ਪਤਨੀਆਂ ਨੇ ਵੀ ਇਕ ਦੂਜੇ ਦੀਆਂ ਚਿੱਠੀਆਂ ਵਿਚ ਸਿੱਖਾਂ ਨਾਲ ਲੜਾਈ ਦੀ ਗੱਲ-ਕੱਥ ਲਿਖਣੀ ਆਰੰਭ ਕਰ ਦਿੱਤੀ ਸੀ । ਇਸ ਤੋਂ ਵਧ, ਲਾਰਡ ਐਲਨਬਰੋ ਨੇ ਤਾਂ ਪੰਜਾਬ ਉੱਤੇ ਚੜ੍ਹਾਈ ਕਰਨ ਦੀ ਅੰਤਮ ਤਾਰੀਖ਼ ਵੀ ਨਿਯਤ ਕਰ ਰਖੀ ਸੀ ਅਤੇ ਉਸੇ ਤਾਰੀਖ਼ ਦੇ ਲਗ-ਪਗ ਹੀ ਜੰਗ ਛਿੜ ਵੀ ਪਈ ! ਵੱਡੇ ਜੰਗੀ ਲਾਟ (ਡਿਊਕ ਆਫ਼ ਵਿਲਿੰਗਟਨ) ਦੇ ਨਾਉਂ ਉਹ ਦੋ-ਤਿੰਨ ਖ਼ਤਾਂ ਵਿਚ ਇਉਂ ਲਿਖਦਾ ਹੈ - 'ਪੰਜਾਬ ਵਿਚ ਜੋ ਨਾਟਕ ਇਸ ਸਮੇਂ ਰਚਿਆ ਜਾ ਰਿਹਾ ਹੈ, ਜੇ ਇਹ ਇਸੇ ਪਰਕਾਰ ਚਲਦਾ ਰਿਹਾ ਅਤੇ ਇਸ ਵਿਚ ਕਿਸੇ ਨੇ ਵਿਘਨ ਨਾ ਪਾਇਆ ਤਾਂ ਪੰਜਾਬ ਨਿਰ-ਸੰਦੇਹ ਸਾਡੇ ਹੱਥ ਆ ਜਾਵੇਗਾ ।' ਉਹ ਇੰਞ ਵੀ ਲਿਖਦਾ ਹੈ - 'ਮੇਰੀ ਦਿਲੀ ਇੱਛਾ ਹੈ ਕਿ ਕੋਈ ਅਜਿਹੀ ਘਟਨਾ ਨਾ ਵਾਪਰੇ ਜਿਸ ਦੇ ਕਾਰਨ, ਅਸੀਂ ਨਵੰਬਰ ੧੮੪੫ ਈ. ਤੋਂ ਪਹਿਲਾਂ, ਸਤਲੁਜ ਦਰਿਆ ਪਾਰ ਕਰ ਕੇ, ਪੰਜਾਬ ਜਾਣ ਲਈ ਮਜਬੂਰ ਹੋ ਜਾਈਏ । ਉਸ ਵੇਲੇ ਤਕ ਤਾਂ ਸਾਡੀ ਪੂਰੀ ਫੌਜ ਤਿਆਰ ਹੋ ਜਾਵੇਗੀ । ਇਸ ਸਮੇਂ ਵਿਚ ਅਸੀਂ ਆਪਣੇ ਸਰਹੱਦੀ ਸਥਾਨਾਂ ਨੂੰ ਵਧ ਫ਼ੌਜਾਂ ਇਕੱਤ੍ਰ ਕਰ ਕੇ, ਪੱਕਾ ਤੇ ਮਜ਼ਬੂਤ ਬਣਾ ਲਵਾਂਗੇ ।'

੧੮੩੮ ਈ. ਤਕ ਦਰਬਾਰ ਲਾਹੌਰ ਦੀਆਂ ਸੀਮਾਂ 'ਤੇ ਅੰਗਰੇਜ਼ਾਂ ਦੀ ਕੇਵਲ ਇਕ ਹੀ ਛਾਉਣੀ ਲੁਧਿਆਣੇ ਵਿਚ ਸੀ, ਜਿਸ ਵਿਚ ੩,੦੦੦ ਸਿਪਾਹੀ ਅਤੇ ੧੨ ਤੋਪਾਂ ਸਨ । ਇਸ ਸਾਲ ਦੇ ਅੰਤ ਵਿਚ ਫ਼ੀਰੋਜ਼ਪੁਰ ਵਿਚ ਦੂਜੀ ਛਾਉਣੀ ਬਣਾਈ ਗਈ, ਜਿੱਥੇ ੫,੦੦੦ ਸਿਪਾਹੀ ਅਤੇ ੧੨ ਤੋਪਾਂ ਰਖੀਆਂ ਗਈਆਂ । ਇਸ ਪਿੱਛੋਂ ਐਲਨਬਰੋ ਨੇ ਅੰਬਾਲਾ, ਕਸੌਲੀ, ਸ਼ਿਮਲਾ, ਆਦਿ ਥਾਵਾਂ ਵਿਚ ਛਾਉਣੀਆਂ ਕਾਇਮ ਕਰ ਦਿੱਤੀਆਂ, ਜਿਹਨਾਂ ਵਿਚ ਗੋਰੇ ਸਿਪਾਹੀ ਰੱਖੇ ਗਏ । ਉਹਨਾਂ ਵਿਚ ੧੪,੦੦੦ ਸਿਪਾਹੀ ਅਤੇ ੪੮ ਤੋਪਾਂ ਰਖੀਆਂ ਗਈਆਂ । ਉਸ ਪਿੱਛੋਂ ਲਾਰਡ

ਹਾਰਡਿੰਗ ਨੇ ਵੀ ਇਸੇ ਨੀਤੀ ਦੀ ਵਰਤੋਂ ਕਰਦਿਆਂ ੨੨,੦੦੦ ਸਿਪਾਹੀ ਅਤੇ ੨੮ ਤੋਪਾਂ ਇਹਨਾਂ ਛਾਉਣੀਆਂ ਵਿਚ ਹੋਰ ਵਧਾ ਦਿੱਤੀਆਂ । ਭਾਵ ਇਹ ਕਿ ਸਤ ਵਰ੍ਹਿਆਂ ਦੇ ਅੰਦਰ ਅੰਦਰ, ਅਰਥਾਤ ੧੮੩੮ ਈ. ਤੋਂ ਲੈ ਕੇ ਨਵੰਬਰ ੧੮੪੫ ਈ. ਤਕ, ਜੰਗ ਛਿੜਨ ਤੋਂ ਥੋੜਾ ਚਿਰ ਪਹਿਲਾਂ, ਅੰਗਰੇਜ਼ਾਂ ਦੀ ਫ਼ੌਜ ਪੰਜਾਬ ਦੇ ਕੋਲ ਦੀਆਂ ਛਾਉਣੀਆਂ ਵਿਚ ੩,੦੦੦ ਨਫ਼ਰੀ ਅਤੇ ੧੨ ਤੋਪਾਂ ਤੋਂ ਆਰੰਭ ਹੋ ਕੇ ੪੪,੦੦੦ ਨਫ਼ਰੀ ਅਤੇ ਇਕ ਸੌ ਤੋਪਾਂ ਤੀਕ ਜਾ ਪਹੁੰਚੀ । ਇਸ ਸਮੇਂ ਵਿਚਕਾਰ ਬੰਬਈ ਤੋਂ ੭੦ ਦੇ ਲਗ-ਪਗ ਨਵੀਆਂ ਤਿਆਰ ਕੀਤੀਆਂ ਕਿਸ਼ਤੀਆਂ ਵੀ ਆ ਗਈਆਂ ਅਤੇ ਮੇਜਰ ਬਰਾਡਫ਼ੁਟ ਦੇ ਹੁਕਮ ਨਾਲ ਫ਼ੀਰੋਜ਼ਪੁਰ ਦੇ ਮੁਕਾਮ ’ਤੇ ਇਹਨਾਂ ਨੂੰ ਲਿਆ ਖੜਾ ਕੀਤਾ ਗਿਆ । ਨਾਲੇ ਇਹਨਾਂ ਨੂੰ ਚਲਾਉਣ ਵਾਲੇ ਮਲਾਹਾਂ ਅਤੇ ਸਿਪਾਹੀਆਂ ਨੂੰ ਬਾਕਾਇਦਾ ਫ਼ੌਜੀ ਤਰੀਕੇ ਨਾਲ ਕੁਵੈਦ ਵੀ ਸਿਖਾਈ ਜਾਣੀ ਸ਼ੁਰੂ ਕਰ ਦਿੱਤੀ ਗਈ । ਸਗੋਂ ਮੇਜਰ ਬਰਾਡਫ਼ੁਟ ਨੇ ਤਾਂ, ਆਪਣੀ ਨੌਕਰੀ ’ਤੇ ਆਉਂਦੇ ਹੀ, ਅਜਿਹਾ ਵਰਤਾਉ ਕਰਨਾ ਸ਼ੁਰੂ ਕੀਤਾ, ਜਿਵੇਂ ਕਿ ਸਤਲੁਜ ਪਾਰ ਲਾਹੌਰ ਦਰਬਾਰ ਦੇ ਇਲਾਕਿਆਂ ’ਤੇ ਵੀ ਉਸੇ ਦੀ ਅਲਮਦਾਰੀ ਸੀ । ੨੨ ਮਾਰਚ, ੧੮੪੫ ਈ. ਨੂੰ ਸਰਦਾਰ ਲਾਲ ਸਿੰਘ ਅਦਾਲਤੀ ਕੁਝ ਕੁ ਸਿਪਾਹੀ ਨਾਲ ਲੈ ਕੇ ਲਾਹੌਰ ਤੋਂ ਕੋਟਕਪੂਰੇ ਜਾ ਰਿਹਾ ਸੀ, ਪਰ ਜਿਵੇਂ ਹੀ ਸਤਲੁਜ ਦਰਿਆ ਤੋਂ ਪਾਰ ਹੋਇਆ, ਮੇਜਰ ਸਾਹਿਬ ਨੇ ਹੁਕਮ ਭੇਜਿਆ ਕਿ ਉਹ ਕਿਉਂ ਉਸ ਦੀ ਆਗਿਆ ਬਿਨਾਂ ਦਰਿਆ ਪਾਰ ਹੋਇਆ, ਭਾਵੇਂ ਉਹ ਆਪਣੇ ਹੀ, ਅਰਥਾਤ ਲਾਹੌਰ ਦਰਬਾਰ ਦੇ ਇਲਾਕੇ ਵਿਚ ਹੀ ਸਫ਼ਰ ਕਰ ਰਿਹਾ ਸੀ । ਬਰਾਡਫ਼ੁਟ ਇਸ ਗਲ ’ਤੇ ਅੜ ਗਿਆ ਕਿ ਉਹ (ਸ੍ਰ: ਲਾਲ ਸਿੰਘ) ਤੁਰਤ ਵਾਪਸ ਚਲਾ ਜਾਵੇ । ਜੇ ਲਾਲ ਸਿੰਘ ਆਪਣੇ ਆਪ ’ਤੇ ਕਾਬੂ ਨਾ ਰਖਦਾ ਤਾਂ ਸੰਭਵ ਸੀ ਕਿ ਗੱਲ ਵਧ ਜਾਂਦੀ । ਲਾਲ ਸਿੰਘ ਸਮੇਤ ਕੁਝ ਸਿਪਾਹੀਆਂ ਦੇ ਵਾਪਸ ਮੁੜ ਪਿਆ । ਪਰ ਮੇਜਰ ਨੇ ਉਹਨਾਂ ਮੁੜੇ ਜਾਂਦੇ ਲੋਕਾਂ ਉਤੇ ਗੋਲੀ ਚਲਾ ਦਿੱਤੀ । ਬਰਾਡਫ਼ੁਟ ਜਾਣ ਬੁੱਝ ਕੇ ਲੜਾਈ ਛੇੜਨੀ

ਚਾਹੁੰਦਾ ਸੀ ।

ਉਪਰੋਕਤ ਘਟਨਾਵਾਂ ਨੂੰ ਸਾਹਮਣੇ ਰਖਦੇ ਹੋਏ ਕੋਈ ਬੰਦਾ ਕਿਵੇਂ ਇਨਕਾਰ ਕਰ ਸਕਦਾ ਹੈ ਕਿ ਅੰਗਰੇਜ਼ਾਂ ਨੇ ਪੰਜਾਬ ਉੱਤੇ ਆਪਣਾ ਕਬਜ਼ਾ ਕਰਨ ਵਾਸਤੇ, ਸੱਚ-ਮੁੱਚ ਲੜਾਈ ਤੋਂ ਛੁਟ, ਹੋਰ ਕੋਈ ਕਸਰ ਬਾਕੀ ਨਾ ਛੱਡੀ । ਹਰ ਇਕ ਪੰਜਾਬੀ, ਜਿਹਨੂੰ ਆਪਣੇ ਸੁਤੰਤਰ ਰਾਜ ਅਤੇ ਆਪਣੇ ਦੇਸ਼ ਨਾਲ ਰਤਾ ਵੀ ਹਿੱਤ ਅਤੇ ਪਿਆਰ ਸੀ, ਉਹ ਇਹਨਾਂ ਹਾਲਤਾਂ ਵਿਚ ਕਿਵੇਂ ਚੁਪ ਬੈਠ ਸਕਦਾ ਸੀ ? ਕੀ ਖ਼ਾਲਸਾ ਇਹੀ ਦੇਖਦਾ ਰਹਿੰਦਾ ਕਿ ਅੰਗਰੇਜ਼ੀ ਫ਼ੌਜ ਸਤਲੁਜ ਪਾਰ ਕਰ ਕੇ ਪੰਜਾਬ ਵਿਚ ਦਾਖ਼ਲ ਹੋਵੇ ਅਤੇ ਇਸ ਤਰ੍ਹਾਂ ੧੮੦੯ ਈ. ਦੀ ਸੰਧੀ ਨੂੰ ਭੰਗ ਕਰਨ ਦਾ ਦੋਸ਼ ਆਪਣੇ ਸਿਰ ਲਵੇ ਅਤੇ ਅਸੀਂ ਉਹਨਾਂ ਦੇ ਮੁਕਾਬਲੇ ਵਾਸਤੇ ਤਾਂ ਜਾ ਕੇ ਡਟੀਏ ? ਦੂਜੇ ਸ਼ਬਦਾਂ ਵਿਚ ਉਹ ਵੈਰੀ ਨੂੰ ਬਿਨਾਂ ਕਿਸੇ ਰੋਕ-ਟੋਕ ਆਪਣੇ ਮੁਲਕ ਵਿਚ ਦਾਖ਼ਲ ਹੋਣ ਦਿੰਦਾ । ਇਸ ਨਾਲੋਂ ਵਧੀਕ ਭੈੜੀ ਜੰਗੀ-ਚਾਲ ਹੋਰ ਕੀ ਹੋ ਸਕਦੀ ਸੀ ?

ਅਸੀਂ ਉਪਰ ਦੱਸ ਆਏ ਹਾਂ ਕਿ ਖ਼ਾਲਸਾ ਫ਼ੌਜ ਨੇ ਇਹ ਫ਼ੈਸਲਾ ਕਰ ਲਿਆ ਸੀ ਕਿ ’ਜੇ ਅੰਗਰੇਜ਼ਾਂ ਦੀਆਂ ਫ਼ੌਜਾਂ ਪੂਰਬ ਵਲੋਂ ਤੁਰ ਕੇ ਫ਼ੀਰੋਜ਼ਪੁਰ ਜਾਂ ਲੁਧਿਆਣੇ ਵਲ ਆਈਆਂ ਤਾਂ ਅਸੀਂ ਵੀ ਸਤਲੁਜ ਪਾਰ ਕਰਾਂਗੇ, ਨਹੀਂ ਤਾਂ ਨਹੀਂ । ਸਾਡੇ ਵਲੋਂ ਪਹਿਲ ਨਹੀਂ ਹੋਵੇਗੀ ।’ ਮਲੂਮ ਹੁੰਦਾ ਹੈ ਕਿ ਓੜਕ ਹੋਇਆ ਵੀ ਇਸੇ ਤਰ੍ਹਾਂ ਹੀ । ਗਵਰਨਰ ਜਨਰਲ ਲਾਰਡ ਹਾਰਡਿੰਗ ਦੇ ਆਪਣੇ ਬਿਆਨ ਅਨੁਸਾਰ - ’੧੨ ਦਸੰਬਰ ਸ਼ਾਮ ਵੇਲੇ ਤੀਕ ਸਿੱਖਾਂ ਵਲੋਂ ਅਹਿਦਨਾਮੇ ਦੇ ਭੰਗ ਕਰਨ ਦੀ ਕੋਈ ਕਾਰਵਾਈ ਨਹੀਂ ਕੀਤੀ ਗਈ । ੧੩ ਤਾਰੀਖ਼ ਮੈਨੂੰ ਖ਼ਬਰ ਮਿਲੀ ਕਿ ਖ਼ਾਲਸਾ ਫ਼ੌਜ ਨੇ ਦਰਿਆ ਪਾਰ ਕਰਨਾ ਆਰੰਭ ਕਰ ਦਿੱਤਾ ਹੈ । ਸੋ, ਮੈਂ ਉਸੇ ਵੇਲੇ ਜੰਗ ਦਾ ਇਲਾਨ ਕਰ ਦਿੱਤਾ ਤੇ ਨਾਲ ਇਹ ਵੀ ਹੁਕਮ ਜਾਰੀ ਕਰ ਦਿੱਤਾ ਕਿ ਸਤਲੁਜ ਪਾਰ ਸਿੱਖਾਂ ਦੇ ਇਲਾਕੇ ਇਸ ਘੜੀ ਤੋਂ ਅੰਗਰੇਜ਼ੀ ਇਲਾਕੇ ਸਮਝੇ ਜਾਣਗੇ ।’

ਖ਼ਾਲਸਾ ਦਰਬਾਰ ਦਾ ਵਕੀਲ ਜੋ ਲੁਧਿਆਣੇ ਅੰਗਰੇਜ਼ਾਂ ਪਾਸ ਰਿਹਾ ਕਰਦਾ ਸੀ, ਉਸ ਨੂੰ ਤਾਂ ਗਵਰਨਰ ਜਨਰਲ ਨੇ ੩ ਦਸੰਬਰ ਨੂੰ ਹਟਾ ਦਿੱਤਾ ਸੀ । ਦੂਜੇ ਸ਼ਬਦਾਂ ਵਿਚ ਅੰਗਰੇਜ਼ਾਂ ਨੇ ੩ ਦਸੰਬਰ ਨੂੰ ਹੀ ਜੰਗ ਕਰਨ ਦਾ ਫ਼ੈਸਲਾ ਕਰ ਲਿਆ ਸੀ । ੬ ਦਸੰਬਰ ਨੂੰ ਮੇਰਠ ਅਤੇ ਅੰਬਾਲੇ ਦੀਆਂ ਛਾਉਣੀਆਂ ਦੀਆਂ ਫ਼ੌਜਾਂ ਨੂੰ ਕੂਚ ਦਾ ਹੁਕਮ ਦਿੱਤਾ ਗਿਆ । ੧੧ ਤਾਰੀਖ਼ ਉਹਨਾਂ ਨੇ ਚਾਲੇ ਪਾ ਦਿੱਤੇ । ੧੨ ਤਾਰੀਖ਼ ਨੂੰ ਗਵਰਨਰ ਜਨਰਲ ਅਤੇ ਕਮਾਨ ਅਫ਼ਸਰ ਆਪ ਦੋਵੇਂ ਅੰਬਾਲਿਉਂ ਤੁਰ ਪਏ ।

ਖ਼ਾਲਸਾ ਫ਼ੌਜਾਂ ਦਾ ਇਹ ਹਾਲ ਸੀ ਕਿ ਇਹਨਾਂ ਦੇ ਚਾਰ ਬਰਗੇਡ ੧੩ ਦਸੰਬਰ ਨੂੰ ਦਿਨ ਛੁਪੇ ਦਰਿਆ ਦੇ ਕੰਢੇ ਪੁੱਜ ਗਏ ਸਨ । ਪਰ ਇਹਨਾਂ ਕੋਲ ਇੰਨੀਆਂ ਬੇੜੀਆਂ ਨਹੀਂ ਸਨ ਕਿ ਉਹ ਦਰਿਆ ਪਾਰ ਕਰ ਸਕਦਿਆਂ । ਇੰਵ ਛੋਟੇ ਛੋਟੇ ਟੋਲੇ ਬਣ ਕੇ ਇਹਨਾਂ ਨੇ ਦੂਜੇ ਦਿਨ ਦਰਿਆ ਨੂੰ ਪਾਰ ਕਰਨਾ ਸ਼ੁਰੂ ਕੀਤਾ । ਇਹ ਸਾਰੀ ਗਲ ਵਿਚਾਰ ਕੇ ਕਿਹਾ ਜਾ ਸਕਦਾ ਹੈ ਕਿ ਚੜ੍ਹਾਈ ਦੀ ਪਹਿਲ ਇਕ ਤਰ੍ਹਾਂ ਅੰਗਰੇਜ਼ਾਂ ਵਲੋਂ ਹੋਈ, ਨਾ ਕਿ ਖ਼ਾਲਸੇ ਵਲੋਂ । ਉਹਨੀਂ ਦਿਨੀਂ ਆਮ ਲੋਕਾਂ ਦੇ ਖ਼ਿਆਲ ਤੋਂ ਵੀ ਇਹੋ ਪਤਾ ਲਗਾ ਹੈ । ਸ਼ਾਹ ਮੁਹੰਮਦ ਨੇ ਵੀ ਇਸੇ ਖ਼ਿਆਲ ਨੂੰ ਪ੍ਰਗਟ ਕਰਦਿਆਂ ਲਿਖ਼ਿਆ ਹੈ :-

ਪਹਿਲੇ ਪਾਰ ਦਾ ਮੁਲਕ ਤੂੰ ਮੱਲ ਸਾਡਾ,
ਆਪੇ ਖਾ ਗੁੱਸਾ ਤੈਥੀਂ ਆਵਨੀਗੇ ! (੪੮)

ਦੂਜੀ ਜਗ੍ਹਾ ਕਵੀ ਫਿਰ ਲਿਖਦਾ ਹੈ :-

ਸੁਣ ਕੇ ਖ਼ਬਰ ਫ਼ਰੰਗੀ ਦੀ ਚੜ੍ਹੇ ਸਭੇ,
ਫ਼ੌਜਾਂ ਬੇਮੁਹਾਰੀਆਂ ਹੋਇ ਤੁਰੀਆਂ । (੬੯)

੧੨ ਤੇ ੧੩ ਦਸੰਬਰ ਨੂੰ ਚਾਰ ਬਰਗੇਡ - ਬਰਗੇਡ-ਫ਼ੌਜ-ਖ਼ਾਸ, ਬਰਗੇਡ-ਰਤਨ ਸਿੰਘ ਮਾਨ, ਬਰਗੇਡ-ਮਹਿਤਾਬ ਸਿੰਘ ਤੇ ਬਰਗੇਡ-ਬਹਾਦਰ ਸਿੰਘ - ਸਤਲੁਜ ਦਰਿਆ ਦੇ ਕੰਢੇ ਤਕ ਪੁਜ ਗਏ । ਉਹਨਾਂ ਦੀ ਕੁਲ ਨਫ਼ਰੀ ੧੮,੪੪੦ ਤੇ ੬੦ ਤੋਪਾਂ ਸਨ । ਪਰ ਦਰਿਆ ਪਾਰ

ਕਰਨ ਲਈ ਇਹਨਾਂ ਕੋਲ ਬੇੜੀਆਂ ਲੋੜੀਂਦੀ ਗਿਣਤੀ ਵਿਚ ਮੌਜੂਦ ਨਹੀਂ ਸਨ । ਸੋ, ਦੋ ਦਿਨ ਕਿਸ਼ਤੀਆਂ ਇਕੱਠੀਆਂ ਕਰਨ ’ਤੇ ਲਗ ਗਏ ਅਤੇ ੧੪ ਦਸੰਬਰ ਨੂੰ ੨੪ ਬੇੜੀਆਂ ਨਾਲ ਦਰਿਆ ਪਾਰ ਕਰਨ ਦਾ ਕੰਮ ਆਰੰਭ ਕਰ ਦਿੱਤਾ ਗਿਆ । ੧੫ ਦਸੰਬਰ ਦੁਪਹਿਰ ਤਕ ਤੋਪਖ਼ਾਨੇ ਤੋਂ ਬਿਨਾਂ ਸ਼ਾਇਦ ਸਾਰੇ ਲੋਕ ਪਾਰ ਹੋ ਗਏ ਅਤੇ ੧੬ ਦਸੰਬਰ ਦੁਪਹਿਰ ਤਕ ਤੋਪਖ਼ਾਨਾ ਵੀ ਪਾਰ ਹੋ ਗਿਆ । ਪ੍ਰਤੀਤ ਹੁੰਦਾ ਹੈ ਕਿ ਲਾਲ ਸਿੰਘ ਜਾਣ-ਬੁਝ ਕੇ ਵੀ ਪਾਰ ਕਰਨ ਵਿਚ ਢਿਲ-ਮੱਠ ਕਰ ਰਿਹਾ ਸੀ । ਉਸ ਨੇ ਆਪਣੇ ਭੇਤੀ ਏਜੰਟ ਸ਼ਮਸੱਦੀਨ ਖ਼ਾਨ ਕਸੂਰੀਏ ਨੂੰ ੧੨ ਦਸੰਬਰ ਨੂੰ, ਕਪਤਾਨ ਨਿਕਲਸਨ ਕੋਲ ਫ਼ੀਰੋਜ਼ਪੁਰ ਭੇਜਿਆ ਸੀ ਅਤੇ ਉਸ ਨੂੰ ਯਕੀਨ ਦਿਵਾਇਆ ਸੀ ਕਿ ’ਮੈਂ ਦੋ ਦਿਨ ਤਕ ਘੋੜ-ਸਵਾਰ ਫ਼ੌਜ, ਜਿਸ ਦੀ ਗਿਣਤੀ ਅੱਠ ਦਸ ਹਜ਼ਾਰ ਦੇ ਲਾਗੇ-ਚਾਗੇ ਹੈ ਅਤੇ ਮੇਰੇ ਅਧੀਨ ਹੈ, ਇਹਨਾਂ ਪੈਦਲ ਪਲਟਨਾਂ ਨਾਲ ਮਿਲਣ ਨਹੀਂ ਦੇਵਾਂਗਾ ।’ ਨਾਲ ਹੀ ਇਹ ਅਖਵਾ ਭੇਜਿਆ ਸੀ ਕਿ ’ਰਾਣੀ ਸਾਹਿਬਾਂ ਦਾ ਅਤੇ ਸਾਡਾ ਮੰਤਵ ਤਾਂ ਖ਼ਾਲਸਾ ਫ਼ੌਜ ਨੂੰ ਨਸ਼ਟ ਕਰਨ ਦਾ ਹੈ, ਤੁਹਾਡੇ ਉਪਰ ਜਿੱਤ ਪ੍ਰਾਪਤ ਕਰਨ ਦਾ ਨਹੀਂ’ ।

੧੬ ਦਸੰਬਰ ਵਾਲੇ ਦਿਨ ਇਸ ਫ਼ੌਜ ਨੇ ਫ਼ੀਰੋਜ਼ਪੁਰ ਤੋਂ ੬ ਮੀਲ ਦੂਰ ਡੇਰੇ ਕੀਤੇ ਅਤੇ ਲਗੇ ਘੋੜ-ਸਵਾਰਾਂ ਨੂੰ ਉਡੀਕਣ, ਜੋ ਲਾਲ ਸਿੰਘ ਨਾਲ ਸਨ ਅਤੇ ਜਿਨ੍ਹਾਂ ਨੇ ਹਰੀ ਕੇ ਪੱਤਣ ਨੂੰ ਪਾਰ ਕਰਨਾ ਸੀ । ਕਿਉਂਕਿ ਲਾਲ ਸਿੰਘ ਢਿੱਲ-ਮੱਠ ਕਰ ਰਿਹਾ ਸੀ, ਇਸ ਲਈ ਖ਼ਾਲਸੇ ਨੇ ਉਸ ਨੂੰ ਮਜਬੂਰ ਕੀਤਾ ਕਿ ਉਹ ਆਪਣੀ ਦਸ ਹਜ਼ਾਰ ਸਵਾਰ ਫ਼ੌਜ ਲੈ ਕੇ ਹਰ ਹਾਲੇ ੧੭ ਦਸੰਬਰ ਨੂੰ ਉਹਨਾਂ ਨਾਲ ਆ ਮਿਲੇ ਤਾਂ ਜੋ ਛੇਤੀ ਹੀ ਹੱਲੇ ਦੀ ਵਿਉਂਤ ਦਾ ਫ਼ੈਸਲਾ ਕਰ ਲਿਆ ਜਾਵੇ । ਲਾਲ ਸਿੰਘ ਆ ਗਿਆ ਅਤੇ ਘੋੜ-ਸਵਾਰ ਫ਼ੌਜ ਵੀ ਪੁੱਜ ਗਈ । ਹੁਣ ਖ਼ਾਲਸੇ ਲਈ ਫ਼ੀਰੋਜ਼ਪੁਰ ’ਤੇ ਕਬਜ਼ਾ ਕਰ ਲੈਣਾ ਔਖਾ ਨਹੀਂ ਸੀ । ਪਰ ਲਾਲ ਸਿੰਘ ਦਾ ਮੰਤਵ ਤਾਂ ਕੁਝ ਹੋਰ ਹੀ ਸੀ ।